

# ਕੁਨੈਲ ਸ਼ਹਿਰ ਦੀ ਸਿਟੀ ਕੌਂਸਲ ਅਤੇ ਵਸਨੀਕਾਂ ਦੇ ਨਾਂ ਖੁੱਲ੍ਹੀ ਚਿੱਠੀ

## ਮੇਰਾ ਨਾਂ ਡੈਨ ਵੀਮੈਨ ਹੈ।

ਪਿਛਲੇ 12 ਸਾਲਾਂ ਤੋਂ ਮੈਂ ਸਿਟੀ ਆਫ ਕੁਨੈਲ ਦੇ ਕਈ ਵਿਭਾਗਾਂ ਵਿਚ ਕੰਮ ਕੀਤਾ ਹੈ। ਇਸ ਵੇਲੇ ਮੈਂ ਅਰੀਨੇ ਦਾ ਸੇਵਾਦਾਰ ਹਾਂ।

ਕੁਨੈਲ ਕੋਲ 150 ਸਿਟੀ ਵਰਕਰ ਹਨ ਜੋ ਕਿ ਕੂਪੀ 1050 ਅਤੇ ਕੂਪੀ 3176 ਦੇ ਮੈਂਬਰ ਹਨ। ਅਸੀਂ ਕਈ ਕਿਸਮਾਂ ਦੀਆਂ ਉੱਚ ਪੱਧਰ ਦੀਆਂ ਸਰਕਾਰੀ ਸੇਵਾਵਾਂ ਦਿੰਦੇ ਹਾਂ ਜਿਹੜੀਆਂ ਸਾਡੇ ਸ਼ਹਿਰ ਨੂੰ ਸਾਫ਼, ਸੁਰੱਖਿਅਤ ਅਤੇ ਚੰਗੀ ਦੇਖਭਾਲ ਵਿਚ ਰੱਖਦੀਆਂ ਹਨ।

ਤੁਸੀਂ ਸਾਨੂੰ ਸੱਭ ਪਾਸੇ ਦੇਖ ਸਕਦੇ ਹੋ - ਸਿਟੀ ਹਾਲ ਵਿਚ, ਮਿਊਜ਼ੀਅਮ, ਅਰੀਨਾ ਅਤੇ ਮਨੋਰੰਜਨ ਸੈਂਟਰਾਂ ਵਿਚ, ਏਅਰਪੋਰਟ, ਲੈਂਡਫਿਲ ਤੇ, ਪਬਲਿਕ ਵਰਕਸ ਅਤੇ ਆਰ ਸੀ ਐੱਮ ਪੀ ਵਿਚ - ਅਸੀਂ ਫੁੱਲਾਂ ਦੀ ਸੰਭਾਲ ਕਰਦੇ ਹਾਂ, ਸੜਕਾਂ ਦੀ ਸੰਭਾਲ ਅਤੇ ਰਿਪੇਅਰ ਦੇ ਕੰਮ ਕਰਦੇ ਹਾਂ, ਗਾਰਬੇਜ ਚੁੱਕਦੇ ਹਾਂ, ਬਿਲਡਿੰਗਾਂ ਦੀ ਇਨਸਪੈਕਸ਼ਨ ਕਰਦੇ ਹਾਂ, ਸਾਈਡਵਾਕ ਸਾਫ਼ ਕਰਦੇ ਹਾਂ, ਬਰਫ ਹਟਾਉਂਦੇ ਹਾਂ, ਰਿਕਾਰਡਾਂ ਦਾ ਪ੍ਰਬੰਧ ਚਲਾਉਂਦੇ ਹਾਂ ਅਤੇ ਇਹ ਪੱਕਾ ਕਰਦੇ ਹਾਂ ਕਿ ਸਾਡੇ ਖੇਡਣ ਦੇ ਮੈਦਾਨ ਸਾਡੇ ਬੱਚਿਆਂ ਲਈ ਸੁਰੱਖਿਅਤ ਹਨ।

## ਸਾਡੀਆਂ ਜੌਬਾਂ ਸਾਡੇ ਸ਼ਹਿਰ ਦਾ ਕੰਮ ਚਲਾ ਰਹੀਆਂ ਹਨ, ਅਤੇ ਸਾਨੂੰ ਇਸ ਤੇ ਮਾਣ ਹੈ।

ਪਰ ਜੇ ਅਸੀਂ ਹੁਣ ਕਾਰਵਾਈ ਨਾ ਕੀਤੀ ਤਾਂ ਹੋ ਸਕਦਾ ਕੁਨੈਲ ਵੀ ਉਸ ਰਾਹ ਹੀ ਚਲਿਆ ਜਾਵੇ ਜਿਸ ਰਾਹ ਪ੍ਰਿੰਸ ਜੌਰਜ ਅਤੇ ਵਿਲੀਅਮਜ਼ ਲੇਕ ਵਰਗੇ ਸਾਡੇ ਆਲੇ ਦੁਆਲੇ ਦੇ ਸ਼ਹਿਰ ਗਏ ਹਨ। ਉੱਚ-ਕੀਮਤੀ ਸਲਾਹ-ਮਸ਼ਵਰਿਆਂ ਅਤੇ ਖਰਚੇ ਘਟਾਉਣ ਵਾਲੇ ਬੱਜਟਾਂ ਤੋਂ ਬਾਅਦ, ਉਨ੍ਹਾਂ ਸ਼ਹਿਰਾਂ ਦੇ ਵਸਨੀਕਾਂ ਨੇ ਇਹ ਕੀਮਤ, ਗੰਭੀਰ ਰੂਪ ਵਿਚ ਘਟੀਆਂ ਸੇਵਾਵਾਂ ਅਤੇ ਸਿਟੀ ਵਰਕਰਾਂ ਦੀਆਂ ਜੌਬਾਂ ਵਿਚ ਦਰਜਨਾਂ ਕਟੌਤੀਆਂ ਦੇ ਰੂਪ ਵਿਚ ਚੁਕਾਈ ਹੈ ਜਿਸ ਦਾ ਮਤਲਬ ਹੈ ਕਿ ਅਣਗਿਣਤ ਸਮੱਸਿਆਵਾਂ ਜਿਵੇਂ ਕਿ ਸੜਕਾਂ ਦੀ ਸਫਾਈ ਨਹੀਂ ਅਤੇ ਗੰਦੀਆਂ ਥਾਂਵਾਂ।

ਕੁਨੈਲ ਦੀ ਸਿਟੀ ਕੌਂਸਲ, ਅਗਲੇ ਤਿੰਨ ਸਾਲਾਂ ਦੌਰਾਨ ਸਿਟੀ ਸੇਵਾਵਾਂ ਵਿਚੋਂ 1 ਮਿਲੀਅਨ ਡਾਲਰ ਤੋਂ ਜ਼ਿਆਦਾ ਪੈਸਿਆਂ ਦੀ ਕਟੌਤੀ ਕਰਨ ਦੀ ਵਿਉਂਤ ਬਣਾ ਰਹੀ ਹੈ - ਜਿਸ ਦਾ ਦੋ ਤਿਹਾਈ ਹਿੱਸਾ ਅਗਲੇ ਸਾਲ ਵਿਚ ਕੱਟਿਆ ਜਾਵੇਗਾ।

ਇਸ ਤੋਂ ਇਲਾਵਾ, ਸਿਟੀ ਮੈਨੇਜਰ ਨੇ "ਸੇਵਾਵਾਂ ਦੇ ਸੰਪੂਰਨ ਰਿਵੀਊ" ਦਾ ਹੁਕਮ ਦਿੱਤਾ ਹੈ ਜਿਸ ਦਾ ਮਕਸਦ ਸਿਟੀ ਸੇਵਾਵਾਂ ਵਿਚ "ਕਾਰਜ-ਕੁਸ਼ਲਤਾ" (ਏਫੀਸ਼ੈਂਸੀ) ਦਾ ਪਤਾ ਲਾਉਣਾ ਹੈ। ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ "ਕਾਰਜ-ਕੁਸ਼ਲਤਾ" ਤੋਂ ਉਨ੍ਹਾਂ ਦਾ ਭਾਵ ਸਿਟੀ ਸੇਵਾਵਾਂ ਅਤੇ ਸਾਡੀਆਂ ਜੌਬਾਂ ਵਿਚ ਹੋਰ ਕਟੌਤੀਆਂ ਕਰਨਾ ਹੈ। ਇਸ ਗੱਲ ਨਾਲ ਕੋਈ ਹੈਰਾਨੀ ਨਹੀਂ ਹੁੰਦੀ ਕਿ ਜਿਹੜਾ ਮਹਿੰਗਾ ਕਨਸਲਟੈਂਟ (ਸਲਾਹਕਾਰ) ਸਾਡੀ ਕੌਂਸਲ ਨੇ ਕੀਤਾ ਹੈ, ਇਹ ਉਹ ਕਨਸਲਟੈਂਟ ਹੀ ਹੈ ਜਿਸ ਨੇ ਵਿਲੀਅਮਜ਼ ਲੇਕ ਲਈ ਰਿਵੀਊ ਕੀਤਾ ਸੀ।

## ਸਾਡੀ ਸਿਟੀ ਕੌਂਸਲ ਬੱਜਟ ਵਿਚ ਘਾਟੇ ਦਾ ਰੋਣਾ ਕਿਵੇਂ ਰੋ ਸਕਦੀ ਹੈ?

ਸਾਡੇ ਸਿਟੀ ਦੇ ਰੀਜ਼ਰਵ ਅਤੇ ਵਾਧੂ ਫੰਡ ਬਹੁਤ ਚੰਗੀ ਹਾਲਤ ਵਿਚ ਹਨ। ਕੇਂਦਰੀ ਸਰਕਾਰ ਨੇ ਸ਼ਹਿਰਾਂ ਨਾਲ ਇਕ ਨਵੀਂ ਡੀਲ ਤੇ ਦਸਖਤ ਕੀਤੇ ਹਨ ਜਿਸ ਨਾਲ ਸਾਡੇ ਖ਼ਜ਼ਾਨੇ ਵਿਚ ਜੀ ਐੱਸ ਟੀ ਰੀਬੇਟਸ ਦੇ ਇਕ-ਚੌਥਾਈ ਮਿਲੀਅਨ ਡਾਲਰ ਆਉਣਗੇ।

ਸਿਟੀ ਦੀਆਂ ਸੇਵਾਵਾਂ ਵਿਚ ਕਟੌਤੀਆਂ ਲਈ ਕੌਂਸਲ ਦਾ ਜ਼ੋਰ ਪੈਸਿਆਂ ਕਰਕੇ ਨਹੀਂ ਹੈ। ਇਹ ਤਰਜੀਹਾਂ ਕਰਕੇ ਹੈ। ਸਿਟੀ ਕੌਂਸਲ ਇਹ ਸੋਚਦੀ ਹੈ ਕਿ ਇਹ ਜ਼ਿਆਦਾ ਜ਼ਰੂਰੀ ਹੈ ਕਿ:

- "ਇੰਡਸਟੀਅਲ ਜਮਾਤ" ਦੇ ਟੈਕਸਾਂ ਵਿਚ ਕਟੌਤੀਆਂ ਕੀਤੀਆਂ ਜਾਣ
- ਜੌਹਨਸਨ ਬਰਿੱਜ ਦੀ ਰਿਪੇਅਰ ਕਰਨ ਦੀ ਬਜਾਏ ਡੱਕ ਪੌਂਡ ਤੇ 215,000 ਡਾਲਰ ਖਰਚੇ ਜਾਣ
- ਸ਼ਿਰੋਈ ਹਾਊਸ ਤੇ 640,000 ਡਾਲਰ ਲਾਏ ਜਾਣ (ਇਹ ਉਸਾਰੀ ਇਸ ਤੋਂ ਅੱਧੀ ਕੀਮਤ ਤੇ ਹੋ ਸਕਦੀ ਸੀ)
- ਬਹੁਤ ਘੱਟ ਵਰਤੋਂ ਵਾਲੇ ਸਿਵਿਕ ਪਲਾਜ਼ਾ ਨੂੰ ਬਣਾਉਣ ਤੇ 1,000,000 ਡਾਲਰ ਖਰਚੇ ਜਾਣ
- ਸੈਂਟਰਲ ਅਤੇ ਨੌਰਥਰਨ ਇਨਟੀਰੀਅਰ ਵਿਚ ਸੱਭ ਤੋਂ ਮਹਿੰਗਾ ਸਿਟੀ ਹਾਲ ਖਰੀਦਿਆ ਜਾਵੇ (ਲਾਗਤ: 8,200,000 ਡਾਲਰ!)

ਕਟੌਤੀਆਂ ਲਈ ਤਿਆਰੀ ਕਰਨ ਖਾਤਰ, ਸਿਟੀ ਕੌਂਸਲ ਸਟਰੀਟ-ਅਪਣਾਉ, ਗਾਰਡਨ-ਅਪਣਾਉ, ਦਰਖਤ-ਅਪਣਾਉ, ਸੜਕ-ਅਪਣਾਉ, ਪਾਰਕ-ਅਪਣਾਉ ਪ੍ਰੋਗਰਾਮ ਪੇਸ਼ ਕਰਨਾ ਚਾਹੁੰਦੀ ਹੈ ਤਾਂ ਜੋ ਤੁਸੀਂ ਉਹ ਕੰਮ ਮੁਫਤ ਕਰੋ ਜਿਹੜਾ ਕਰਨ ਲਈ ਅਸੀਂ ਟਰੇਂਡ, ਵਚਨਬੱਧ ਹਾਂ ਅਤੇ ਜਿਸ ਦੀ ਸਾਨੂੰ ਤਨਖਾਹ ਮਿਲਦੀ ਹੈ। ਸਿਟੀ ਨੂੰ ਚਲਾਉਣ ਦਾ ਇਹ ਤਾਂ ਕੋਈ ਤਰੀਕਾ ਨਹੀਂ ਹੈ!

ਅਸੀਂ ਜਿਹੜਾ ਕੰਮ ਆਪਣੇ ਸ਼ਹਿਰ ਲਈ ਕਰਦੇ ਹਾਂ ਸਾਨੂੰ ਉਸ ਤੇ ਮਾਣ ਹੈ, ਅਤੇ ਅਸੀਂ ਜਾਣਦੇ ਹਾਂ ਕਿ ਤੁਹਾਨੂੰ ਵੀ ਇਸ ਤੇ ਮਾਣ ਹੈ। ਕੌਂਸਲ ਦੇ 2003 ਦੇ ਸਰਵੇ ਨੇ ਇਹ ਸਾਬਤ ਕੀਤਾ ਹੈ, ਜਦੋਂ 95 ਫੀਸਦੀ ਵਸਨੀਕਾਂ ਨੇ ਇਹ ਕਿਹਾ ਕਿ ਉਹ ਸਾਡੇ ਕੰਮ ਤੋਂ ਸੰਤੁਸ਼ਟ ਹਨ।

ਰਲ ਕੇ ਆਪਾਂ ਆਪਣੀ ਕਮਿਉਨਟੀ ਨੂੰ ਮੁੜ ਕੇ ਲੀਹੇ ਪਾ ਸਕਦੇ ਹਾਂ। ਅਜੇ ਵੀ ਬਹੁਤੀ ਦੇਰ ਨਹੀਂ ਹੋਈ ਹੈ। ਅੱਜ ਹੀ ਆਪਣੇ ਸਿਟੀ ਕੌਂਸਲਰਾਂ ਅਤੇ/ਜਾਂ ਮੇਅਰ ਨਾਲ ਸੰਪਰਕ ਕਰੋ।

CUPE On the front line

ਡੈਨ ਵੀਮੈਨ
ਪ੍ਰੈਜ਼ੀਡੈਂਟ ਆਫ ਕੂਪੀ 1050
ਕੁਨੈਲ ਸਿਟੀ ਵਰਕਰਜ਼

## ਸਿਟੀ ਕੌਂਸਲ ਨੂੰ ਇਹ ਦੱਸ ਕੇ ਆਪਣੀ ਕਮਿਉਨਟੀ ਨੂੰ ਚਲਦੀ ਰੱਖਣ ਵਿਚ ਮਦਦ ਕਰੋ ਕਿ ਉਹ:

- ਸਿਟੀ ਸੇਵਾਵਾਂ ਵਿਚ ਕਟੌਤੀਆਂ ਬੰਦ ਕਰੇ
- ਤਜਵੀਜ਼ਸ਼ੁਦਾ ਬੱਜਟ ਬਾਰੇ ਪਬਲਿਕ ਮੀਟਿੰਗਾਂ ਕਰਵਾਏ
- ਮਹਿੰਗੇ ਸਿਟੀ ਹਾਲ ਦੀ ਖਰੀਦ ਤੇ ਰੈਫਰੈਂਡਮ ਕਰਵਾਏ

## ਮੇਅਰ ਅਤੇ ਕੌਂਸਲਰਾਂ ਦੇ ਨਾਂਵਾਂ ਦੀ ਲਿਸਟ ਅਤੇ ਉਨ੍ਹਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

| | | |
|---|---|---|
| ਮੇਅਰ ਨਾਟੇ ਬੇਲ | 992-3650 | mcbello@shaw.ca |
| ਰੌਨ ਪੌਲ | 992-8994 | ronpaull@shaw.ca |
| ਸੁਸ਼ੀਲ ਥਾਰਪਰ | 992-5494 | sushil80@telus.net |
| ਮੇਰੀ ਸਜੋਸਟ੍ਰੋਮ | 747-2924 | sjostrom@goldcity.net |
| ਡੈਲਟਨ ਹੂਕਰ | 992-1550 | daltonhooker@shaw.ca |
| ਮਾਈਕ ਡੋਇਲ | 747-1810 | mdoyle@city.quesnel.bc.ca |
| ਪੀਟਗਲ ਕੁਡਵਿਲ | 249-5364 | |